ਬੈੱਡ ਬਗਜ਼ (ਖਟਮਲ) ਖ਼ਤਮ 647-688-3944
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਵਕੀਲ ਦੀ ਲੋੜ ? 905-362-0755
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਸਸਤੀਆਂ ਹਵਾਈ ਟਿਕਟਾਂ 905-595-1700

ਰੂਹ ਦੀ ਖੁਰਾਕ

ਕੰਵਰ ਸੰਦੀਪ ਸਿੰਘ
email:sunnyb@gmail.com
Cell: 1-416-992-5489

ਇਨਸਾਨ ਬਣਨ ਲਈ ਮੇਰੀ ਜੱਦੋਜਹਿਦ !

"ਪਾਗਲਪਨ ਦੀ ਪਰਿਭਾਸ਼ਾ" ਜਿਵੇਂ ਕਿ ਕੁਝ ਲੋਕ ਕਹਿੰਦੇ ਨੇ, "ਇੱਕੋ ਕਾਰਜ ਬਾਰ-ਬਾਰ ਕਰਦੇ ਰਹਿਣਾ ਪਰ ਫ਼ਿਰ ਵੀ ਇੱਕ ਵੱਖਰੇ ਨਤੀਜੇ ਦੀ ਉਮੀਦ ਕਰਨਾ ਹੈ।" ਕੁਝ ਲੋਕ ਅਜਿਹਾ ਕਹਿੰਦੇ ਹਨ, ਅਤੇ ਉਹ ਇਹ ਵੀ ਕਹਿੰਦੇ ਹਨ ਕਿ ਹੋਰ ਬਹੁਤ ਸਾਰੇ ਸਿਆਣੇ ਲੋਕਾਂ ਨੇ ਵੀ ਅਜਿਹਾ ਕਿਹਾ ਸੀ। ਉਪ੍ਰੋਕਤ ਕਥਨ ਨੂੰ ਉੱਚਰਣ ਦਾ ਸਿਹਰਾ ਅਕਸਰ ਗ਼ਲਤੀ ਨਾਲ ਐਲਬਰਟ ਆਈਨਸਟਾਈਨ, ਬੈਂਜਾਮਿਨ ਫਰੈਂਕਲਿਨ, ਅਤੇ ਇੱਥੋਂ ਤਕ ਕਿ ਮਾਰਕ ਟਵੇਨ ਨੂੰ ਵੀ ਦਿੱਤਾ ਜਾਂਦੈ। ਇਸ ਲਈ, ਜੇਕਰ ਉੱਪਰ ਵਰਣਨ ਕੀਤੇ ਗਏ ਪੁਰਾਣੇ ਬੁੱਧੀਜੀਵੀਆਂ 'ਚੋਂ ਕਿਸੇ ਨੇ ਵੀ ਅਸਲ 'ਚ ਇਹ ਨਹੀਂ ਸੀ ਕਿਹਾ, ਪਰ ਇਸ ਦੇ ਬਾਵਜੂਦ ਹਰ ਕੋਈ ਜ਼ੋਰ ਦੇ ਰਿਹਾ ਹੈ ਕਿ ਉਨ੍ਹਾਂ ਨੇ ਹੀ ਇਹ ਕਿਹਾ ਸੀ ਤਾਂ ਇਹ ਸਾਨੂੰ ਉਨ੍ਹਾਂ ਲੋਕਾਂ ਬਾਰੇ ਕੀ ਦੱਸਦਾ ਹੈ ਜੋ ਉਪ੍ਰੋਕਤ ਕਥਨ ਦੇ ਇੰਨੇ ਜ਼ਿਆਦਾ ਸ਼ੌਕੀਨ ਨੇ ? ਘਬਰਾਓ ਨਾ, ਤੁਸੀਂ ਇਸ ਵਕਤ ਕੋਈ ਵੀ ਪੁਰਾਣੀ ਗ਼ਲਤੀ ਨਹੀਂ ਦੁਹਰਾ ਰਹੇ।

ਮੁਆਫ਼ ਕਰਨਾ ? ਉਹ ਕੀ ਸੀ ? ਕੀ ਮੈਂ ਹੁਣੇ-ਹੁਣੇ ਇਹ ਸੁਣਿਐ ਕਿ ਅਸੀਂ ਇਸ ਧਰਤੀ 'ਤੇ ਆਪਣੇ ਆਪ 'ਚ ਆਨੰਦ ਮਾਣਨ ਲਈ ਆਏ ਹਾਂ ? ਕਿੰਨਾ ਵਧੀਆ ਵਿਚਾਰ ਹੈ! ਕੀ ਕੋਈ ਉਸ ਕਿਰਾਏ ਬਾਰੇ ਭੁੱਲ ਰਿਹੈ ਜਿਸ ਦਾ ਭੁਗਤਾਨ ਕਰਨਾ ਪੈਣੈ, ਉਹ ਕੰਮ ਜੋ ਕਰਨਾ ਪੈਣੈ, ਉਹ ਡਿਊਟੀ ਜੋ ਨਿਭਾਉਣੀ ਪੈਣੀ ਹੈ, ਉਹ ਬੇਅਰਾਮੀ ਜਿਸ ਨੂੰ ਸਹਿਣਾ ਪੈਣੈ, ਉਹ ਚਿੰਤਾ ਜਿਸ ਨਾਲ ਨਜਿੱਠਣਾ ਪੈਣੈ, ਉਹ ਡਰ ਜਿਸ ਦਾ ਸਤਿਕਾਰ ਕਰਨਾ ਪੈਣੈ ਅਤੇ ਉਹ ਤਨਾਅ ਜਿਸ ਦਾ ਅਨੁਭਵ ਕਰਨਾ ਪੈਣੈ ? ਓਹ, ਅੱਛਾ-ਅੱਛਾ, ਉਹ ਕਹਿ ਰਹੇ ਸਨ ਕਿ ਜਦੋਂ ਤੁਹਾਡੀ ਕਿਸਮਤ ਚੰਗੀ ਹੋਵੇ ਤਾਂ ਉਪ੍ਰੋਕਤ 'ਚੋਂ ਕੋਈ ਵੀ ਸ਼ੈਅ ਬਹੁਤਾ ਮਾਇਨੇ ਨਹੀਂ ਰੱਖਦੀ। ਚਲੋਂ ਦੇਖਦੇ ਹਾਂ ਕਿ ਕੀ ਉਹ ਸਹੀ ਨੇ ਜਾਂ ਗ਼ਲਤ।

ਸਾਨੂੰ ਕੁਝ ਸਬਕ ਰਟਾ-ਰਟਾ ਕੇ ਸਿਖਾਏ ਜਾਂਦੇ ਹਨ। ਅਤੇ ਕੁਝ ਕਿਤਾਬਾਂ ਰਾਹੀਂ। ਹਾਲਾਂਕਿ, ਕੁਝ ਮਹੱਤਵਪੂਰਣ ਨੁਕਤੇ ਹਨ ਜੋ ਸਿਰਫ ਇੱਕ ਹੀ ਤਰੀਕੇ ਨਾਲ ਸੰਚਾਰਿਤ ਕੀਤੇ ਜਾ ਸਕਦੇ ਹਨ। ਉਦਾਹਰਣਾਂ ਰਾਹੀਂ। ਅਸੀਂ ਕਾਪੀ ਕਰਦੇ ਹਾਂ, ਅਸੀਂ ਨਕਲ ਕਰਦੇ ਹਾਂ, ਅਸੀਂ ਦੁਹਰਾਉਂਦੇ ਹਾਂ। ਅਸੀਂ ਉਹ ਕਰਦੇ ਹਾਂ ਜੋ ਅਸੀਂ ਦੂਜਿਆਂ ਨੂੰ ਕਰਦੇ ਦੇਖਿਆ ਹੋਵੇ। ਜੋ ਕੁਝ ਵੀ ਅਸੀਂ ਨਹੀਂ ਕਰਦੇ, ਉਹ ਇਸ ਲਈ ਨਹੀਂ ਕਰਦੇ ਕਿਉਂਕਿ ਅਸੀਂ ਦੂਸਰਿਆਂ ਨੂੰ ਉਹ ਕਰਦੇ ਦੇਖਿਆ ਹੀ ਨਹੀਂ! ਸਾਡੇ 'ਚੋਂ ਬਹੁਤ ਘੱਟ ਲੋਕ ਸੱਚਮੁੱਚ ਦੇ ਆਗੂ ਹਨ। ਪਰ ਇਸ ਸਮੇਂ, ਤੁਸੀਂ ਇੱਕ ਮੁਸ਼ਕਿਲ ਕਾਰਜ ਕਰਨ ਦੀ ਕੋਸ਼ਿਸ਼ ਕਰ ਰਹੇ ਹੋ। ਅਤੇ ਤੁਸੀਂ ਸਫ਼ਲਤਾ ਦੀ ਕਗਾਰ 'ਤੇ ਖੜ੍ਹੇ ਹੋ। ਤੁਹਾਨੂੰ ਹੁਣ ਦੂਸਰਿਆਂ ਨੂੰ ਰਸਤਾ ਦਿਖਾਉਣਾ ਚਾਹੀਦੈ। ਅਤੇ ਜੇਕਰ ਤੁਸੀਂ ਆਪਣੇ ਦਿਲ 'ਚ ਲਿਖੀ ਅਦਿੱਖ ਲਿਪੀ 'ਤੇ ਭਰੋਸਾ ਕਰਦੇ ਹੋ ਤਾਂ ਤੁਸੀਂ ਇੱਕ ਸਕਾਰਾਤਮਕ ਪ੍ਰਭਾਵ ਵੀ ਛੱਡੋਗੇ।

ਹਮੇਸ਼ਾ ਕੋਈ ਨਾ ਕੋਈ ਤੁਹਾਡੇ ਨਾਲੋਂ ਵੀ ਮਾੜੀ ਹਾਲਤ 'ਚ ਹੁੰਦੈ। ਜਾਂ ਲੋਕ ਅਜਿਹਾ ਕਹਿੰਦੇ ਨੇ। ਪਰ ਫਿਰ, ਸ਼ਾਇਦ ਹਮੇਸ਼ਾ ਕੋਈ ਨਾ ਕੋਈ ਅਜਿਹਾ ਵੀ ਹੁੰਦੈ ਜਿਸ ਕੋਲ ਜਸ਼ਨ ਮਨਾਉਣ ਲਈ ਤੁਹਾਡੇ ਨਾਲੋਂ ਬਹੁਤ ਜ਼ਿਆਦਾ ਹੈ! ਕੀ ਅਸੀਂ ਸੱਚਮੁੱਚ ਆਪਣੀ ਜ਼ਿੰਦਗੀ ਦੀ ਤੁਲਨਾ ਕਿਸੇ ਹੋਰ ਦੇ ਜੀਵਨ ਨਾਲ ਕਰ ਸਕਦੇ ਹਾਂ ਅਤੇ ਫ਼ਿਰ ਇੱਕ ਅਰਥਪੂਰਣ ਸਿੱਟੇ 'ਤੇ ਅੱਪੜਨ ਦੀ ਉਮੀਦ ਵੀ ? ਤੁਸੀਂ ਬਹੁਤ ਸਾਰੀ ਭਾਵਨਾਤਮਕ ਊਰਜਾ ਬਰਬਾਦ ਕਰ ਰਹੇ ਹੋ, ਇਹ ਚਿੰਤਾ ਕਰਦੇ ਹੋਏ ਅਤੇ ਸੋਚਦੇ ਹੋਏ ਕਿ ਤੁਹਾਡੀ ਜ਼ਿੰਦਗੀ ਕਿਵੇਂ ਦੀ ਹੋਣੀ ਚਾਹੀਦੀ ਹੈ ... ਜਾਂ ਫ਼ਿਰ ਤੁਸੀਂ ਉਸ ਚੀਜ਼ ਨੂੰ ਦੇਖ ਸਕਦੇ ਹੋ ਜੋ ਤੁਹਾਡੇ ਕੋਲ ਹੈ ਅਤੇ ਦੇਖ ਸਕਦੇ ਹੋ ਕਿ ਉਸ ਵਿੱਚ ਕੀ ਹੈ ਜਿਸ ਲਈ ਤੁਹਾਨੂੰ ਧੰਨਵਾਦੀ ਹੋਣਾ ਚਾਹੀਦੈ। ਜਿੰਨੀ ਜਲਦੀ ਤੁਸੀਂ ਇਹ ਕਰਨਾ ਸ਼ੁਰੂ ਕਰ ਦੇਵੋਗੇ, ਓਨੀ ਹੀ ਜਲਦੀ ਤੁਸੀਂ ਇਹ ਦੇਖ ਸਕੋਗੇ ਕਿ ਤੁਹਾਡੀ ਸਥਿਤੀ ਤਾਂ ਦਰਅਸਲ ਸਾੜਾ ਕਰਨ ਵਾਲੀ ਹੈ!

ਤੁਸੀਂ ਬਹੁਤ ਪਿਆਰੇ ਹੋ। ਨਹੀਂ, ਸੱਚਮੁੱਚ, ਤੁਸੀਂ ਹੋ। ਮਨਮੋਹਕ, ਸੁੰਦਰ, ਆਕਰਸ਼ਕ, ਪਿਆਰੇ, ਰਚਨਾਤਮਕ, ਪ੍ਰਤਿਭਾਸ਼ਾਲੀ, ਇੱਕ ਅਜਿਹਾ ਇਨਸਾਨ ਜਿਸ ਨਾਲ ਰਹਿਣਾ ਆਰਾਮਦਾਇਕ ਲੱਗਦੈ, ਅਤੇ ਉਹ ਸਾਰੇ ਲੋਕ ਤੁਹਾਨੂੰ ਬਹੁਤ ਹੀ ਪਿਆਰ ਕਰਦੇ ਨੇ ਜਿਨ੍ਹਾਂ ਨੂੰ ਤੁਹਾਡੀ ਸੰਗਤ 'ਚ ਸਮਾਂ ਬਿਤਾਉਣ ਦੀ ਖ਼ੁਸ਼ਨਸੀਬੀ ਪ੍ਰਾਪਤ ਹੁੰਦੀ ਹੈ। ਕਾਫ਼ੀ ਐ ? ਜਾਂ ਫ਼ਿਰ ਇਸ ਫੁੱਲ ਨੂੰ ਥੋੜ੍ਹਾ ਹੋਰ ਮਹਿਕਾਉਣ ਦੀ ਤਾਂ ਲੋੜ ਨਹੀਂ ? ਓ, ਚੱਲੋ, ਤੁਸੀਂ ਇਸ ਸਾਰੀ ਪ੍ਰਸ਼ੰਸਾ ਦੇ ਹੱਕਦਾਰ ਵੀ ਹੋ। ਆਓ ਹੁਣ ਤੁਹਾਡੀ ਸ਼ਾਨ ਅਤੇ ਬੁੱਧੀ, ਤੁਹਾਡੇ ਸਾਧਨ ਭਰਪੂਰ, ਸੂਝਵਾਨ ਸੁਭਾਅ, ਤੁਹਾਡੇ ... ਵਗੈਰਾ, ਵਗੈਰਾ ਬਾਰੇ ਵੀ ਗੱਲ ਕਰ ਲਈਏ। ਪਰ ਜੇਕਰ ਅਸੀਂ ਸਾਵਧਾਨੀ ਨਾ ਵਰਤੀ ਤਾਂ ਸਾਡੇ ਕੋਲ ਸ਼ਬਦਾਂ ਦੀ ਕਮੀ ਜ਼ਰੂਰ ਹੋ ਜਾਣੀ ਹੈ। ਪਰ, ਤੁਹਾਨੂੰ ਪ੍ਰਸ਼ੰਸਕਾਂ ਦੀ ਕਮੀ ਕਦੇ ਵੀ ਨਹੀਂ ਹੋਣੀ, ਜਿੰਨਾ ਚਿਰ ਤੁਸੀਂ ਆਪਣੇ ਆਪ 'ਚ ਵਿਸ਼ਵਾਸ ਰੱਖੋਗੇ।

Grok AI ਬਣਾ ਰਿਹੈ ਅਸ਼ਲੀਲ ਤਸਵੀਰਾਂ

ਲੰਡਨ: ਸੋਸ਼ਲ ਮੀਡੀਆ ਪਲੈਟਫ਼ੌਰਮ X ਦੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਚੈਟਬੋਟ Grok ਦੀਆਂ ਮੁਸ਼ਕਿਲਾਂ ਵੱਧ ਗਈਆਂ ਹਨ। ਬ੍ਰਿਟੇਨ ਦੀ ਸੰਚਾਰ ਸੰਸਥਾ ਔਫ਼ਕੌਮ ਨੇ Grok ਵਿਰੁੱਧ ਅਸ਼ਲੀਲ ਤਸਵੀਰਾਂ ਬਣਾਉਣ ਦੇ ਦੋਸ਼ਾਂ ਦੀ ਰਸਮੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਸੁਤੰਤਰ ਮੀਡੀਆ ਨਿਗਰਾਨ ਸੰਸਥਾ ਔਫ਼ਕੌਮ ਇਹ ਪਤਾ ਲਗਾਏਗੀ ਕਿ ਕੀ X ਦੇ ਇਸ ਚੈਟਬੋਟ ਨੇ ਦੇਸ਼ ਦੇ ਔਨਲਾਈਨ ਸੁਰੱਖਿਆ ਐਕਟ ਤਹਿਤ ਆਪਣੀਆਂ ਕਾਨੂੰਨੀ ਜ਼ਿੰਮੇਵਾਰੀਆਂ ਦੀ ਉਲੰਘਣਾ ਕੀਤੀ ਹੈ। ਅਜਿਹੀਆਂ ਰਿਪੋਰਟਾਂ ਸਾਹਮਣੇ ਆਈਆਂ ਸਨ ਕਿ Grok ਦੀ ਵਰਤੋਂ ਗ਼ੈਰ-ਕਾਨੂੰਨੀ ਅਤੇ ਬਿਨਾਂ ਸਹਿਮਤੀ ਵਾਲੀਆਂ ਅਸ਼ਲੀਲ ਤਸਵੀਰਾਂ ਅਤੇ ਬੱਚਿਆਂ ਦੇ ਜਿਣਸੀ ਸ਼ੋਸ਼ਣ ਨਾਲ ਸਬੰਧਤ ਸਮੱਗਰੀ ਤਿਆਰ ਕਰਨ ਅਤੇ ਸਾਂਝੀ ਕਰਨ ਲਈ ਕੀਤੀ ਜਾ ਰਹੀ ਹੈ ਜੋ ਕਿ ਬੇਹੱਦ ਚਿੰਤਾਜਨਕ ਹੈ।

ਔਫ਼ਕਾਮ ਨੇ ਪਿਛਲੇ ਹਫ਼ਤੇ ਈਲੌਨ ਮਸਕ ਦੀ ਕੰਪਨੀ X ਨਾਲ ਸੰਪਰਕ ਕਰ ਕੇ ਉਨ੍ਹਾਂ ਨੂੰ 9 ਜਨਵਰੀ ਤਕ ਇਹ ਦੱਸਣ ਦਾ ਸਮਾਂ ਦਿੱਤਾ ਸੀ ਕਿ ਉਨ੍ਹਾਂ ਨੇ ਬ੍ਰਿਟੇਨ ਦੇ ਉਪਭੋਗਤਾਵਾਂ ਦੀ ਸੁਰੱਖਿਆ ਲਈ ਕੀ ਕਦਮ ਚੁੱਕੇ ਹਨ। ਕੰਪਨੀ ਵਲੋਂ ਮਿਲੇ ਜਵਾਬ ਅਤੇ ਮੌਜੂਦ ਸਬੂਤਾਂ ਦਾ ਤੇਜ਼ੀ ਨਾਲ ਮੁਲਾਂਕਣ ਕਰਨ ਤੋਂ ਬਾਅਦ, ਸੰਸਥਾ ਨੇ ਹੁਣ ਰਸਮੀ ਜਾਂਚ ਦਾ ਫ਼ੈਸਲਾ ਲਿਆ ਹੈ।

ਬੱਚਿਆਂ ਦੀ ਸੁਰੱਖਿਆ ਲਈ ਸਖ਼ਤ ਚਿਤਾਵਨੀ: ਸੰਸਥਾ ਦੇ ਬੁਲਾਰੇ ਨੇ ਕਿਹਾ ਕਿ ਪਲੈਟਫ਼ੌਰਮਾਂ ਨੂੰ ਬ੍ਰਿਟੇਨ ਦੇ ਲੋਕਾਂ, ਖ਼ਾਸ ਕਰ ਕੇ ਬੱਚਿਆਂ ਨੂੰ ਅਜਿਹੀ ਹਾਨੀਕਾਰਕ ਅਤੇ ਗ਼ੈਰ-ਕਾਨੂੰਨੀ ਸਮੱਗਰੀ ਤੋਂ ਬਚਾਉਣਾ ਚਾਹੀਦਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜਿੱਥੇ ਵੀ ਕੰਪਨੀਆਂ ਆਪਣੀ ਡਿਊਟੀ ਨਿਭਾਉਣ 'ਚ ਫ਼ੇਲ੍ਹ ਹੋਣਗੀਆਂ, ਉੱਥੇ ਜਾਂਚ ਕਰਨ ਤੋਂ ਨਹੀਂ ਝਿਜਕਿਆ ਜਾਵੇਗਾ। ਬ੍ਰਿਟਿਸ਼ ਸਰਕਾਰ ਨੇ ਵੀ ਇਸ ਮਾਮਲੇ 'ਤੇ ਸਖ਼ਤ ਰੁਖ਼ ਅਪਨਾਉਂਦਿਆਂ ਉਮੀਦ ਜਤਾਈ ਹੈ ਕਿ ਔਫ਼ਕੌਮ ਸੰਸਦ ਵਲੋਂ ਦਿੱਤੀਆਂ ਗਈਆਂ ਸਾਰੀਆਂ ਕਾਨੂੰਨੀ ਸ਼ਕਤੀਆਂ ਦੀ ਵਰਤੋਂ ਕਰ ਕੇ ਕਾਰਵਾਈ ਕਰੇਗੀ।

Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 905-595-1700
ਵਕੀਲ ਦੀ ਲੋੜ ? 905-362-0755
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454

US 'ਤੇ ਵੈਨੇਜ਼ੁਏਲਾ 'ਚ ਸੈਨਿਕ ਹਥਿਆਰ ਇਸਤੇਮਾਲ ਕਰਨ ਦਾ ਦੋਸ਼



ਵਾਸ਼ਿੰਗਟਨ: ਅਮਰੀਕਾ 'ਤੇ ਵੈਨੇਜ਼ੁਏਲਾ 'ਚ ਸੋਨਿਕ ਹਥਿਆਰ ਇਸਤੇਮਾਲ ਕਰਨ ਦਾ ਦੋਸ਼ ਲੱਗਾ ਹੈ। ਨਿਊ ਯੌਰਕ ਟਾਈਮਜ਼ ਮੁਤਾਬਿਕ ਇਸ ਔਪ੍ਰੇਸ਼ਨ ਦੌਰਾਨ ਅਮਰੀਕੀ ਫ਼ੌਜ ਨੇ ਇੱਕ ਬੇਹੱਦ ਸ਼ਕਤੀਸ਼ਾਲੀ ਅਤੇ ਹੁਣ ਤਕ ਨਾ ਦੇਖੇ ਗਏ ਹਥਿਆਰ ਦਾ ਇਸਤੇਮਾਲ ਕੀਤਾ ਜਿਸ ਨਾਲ ਵੈਨੇਜ਼ੁਏਲਾ ਦੇ ਫ਼ੌਜੀ ਪੂਰੀ ਤਰ੍ਹਾਂ ਬੇਵੱਸ ਹੋ ਗਏ ਸਨ। ਇੱਕ ਵੈਨੇਜ਼ੁਏਲਾਈ ਸੁਰੱਖਿਆ ਗਾਰਡ ਨੇ ਕਿਹਾ ਕਿ ਔਪ੍ਰੇਸ਼ਨ ਸ਼ੁਰੂ ਹੁੰਦੇ ਹੀ ਉਨ੍ਹਾਂ ਦੇ ਸਾਰੇ ਰਡਾਰ ਸਿਸਟਮ ਅਚਾਨਕ ਬੰਦ ਹੋ ਗਏ। ਇਸ ਦੇ ਕੁੱਝ ਹੀ ਸੈਕਿੰਡ ਬਾਅਦ ਉਨ੍ਹਾਂ ਨੇ ਆਸਮਾਨ 'ਚ ਵੱਡੀ ਗਿਣਤੀ 'ਚ ਡਰੋਨ ਉਡਦੇ ਦੇਖੇ। ਗਾਰਡ ਮੁਤਾਬਿਕ ਉਨ੍ਹਾਂ ਨੂੰ ਸਮਝ ਹੀ ਨਹੀਂ ਆਇਆ ਕਿ ਇਸ ਹਾਲਾਤ 'ਚ ਕੀ ਕੀਤਾ ਜਾਵੇ।ਗਾਰਡ ਨੇ ਅੱਗੇ ਦਾਅਵਾ ਕੀਤਾ ਕਿ ਔਪ੍ਰੇਸ਼ਨ ਦੌਰਾਨ ਅਮਰੀਕੀ ਫ਼ੌਜ ਨੇ ਇੱਕ ਸੀਕ੍ਰੇਟ ਇੱਕਵਿਪਮੈਂਟ ਦਾ ਇਸਤੇਮਾਲ ਕੀਤਾ। ਇਹ ਕਿਸੇ ਬਹੁਤ ਤੇਜ਼ ਆਵਾਜ਼ ਜਾਂ ਤਰੰਗ (ਸਾਊਂਡ ਵੇਵ) ਵਰਗਾ ਸੀ। ਉਸ ਤੋਂ ਤੁਰੰਤ ਬਾਅਦ ਉਸ ਨੂੰ ਅਜਿਹਾ ਮਹਿਸੂਸ ਹੋਇਆ ਜਿਵੇਂ ਉਸ ਦਾ ਸਿਰ ਅੰਦਰੋਂ ਫ਼ਟ ਰਿਹਾ ਹੋਵੇ। ਕਈ ਫ਼ੌਜੀਆਂ ਦੇ ਨੱਕ 'ਚੋਂ ਖ਼ੂਨ ਵਗਣ ਲੱਗਾ, ਅਤੇ ਕੁੱਝ ਨੂੰ ਖ਼ੂਨ ਦੀਆਂ ਉਲਟੀਆਂ ਆਈਆਂ। ਸਾਰੇ ਫ਼ੌਜੀ ਜ਼ਮੀਨ 'ਤੇ ਡਿੱਗ ਪਏ ਅਤੇ ਕੋਈ ਵੀ ਖੜ੍ਹੇ ਹੋਣ ਦੀ ਹਾਲਤ 'ਚ ਨਹੀਂ ਸੀ। ਗਾਰਡ ਨੇ ਕਿਹਾ ਕਿ ਉਹ ਨਹੀਂ ਜਾਣਦਾ ਕਿ ਇਹ ਕੋਈ ਸੋਨਿਕ ਹਥਿਆਰ ਸੀ ਜਾਂ ਕੁੱਝ ਹੋਰ।

ਨਿਊ ਯੌਰਕ ਪੋਸਟ ਮੁਤਾਬਿਕ ਇਸ ਔਪ੍ਰੇਸ਼ਨ 'ਚ ਅਮਰੀਕਾ ਨੇ ਸਿਰਫ਼ ਅੱਠ ਹੈਲੀਕੌਪਟਰਜ਼ ਇਸਤੇਮਾਲ ਕੀਤੇ ਸਨ ਜਿਨ੍ਹਾਂ ਤੋਂ ਕਰੀਬ ਵੀਹ ਫ਼ੌਜੀ ਉਤਰੇ। ਗਿਣਤੀ ਘੱਟ ਹੋਣ ਦੇ ਬਾਵਜੂਦ ਅਮਰੀਕੀ ਫ਼ੌਜੀਆਂ ਨੇ ਬਹੁਤ ਜਲਦੀ ਪੂਰੇ ਇਲਾਕੇ 'ਤੇ ਕੰਟਰੋਲ ਹਾਸਿਲ ਕਰ ਲਿਆ। ਗਾਰਡ ਨੇ ਕਿਹਾ ਕਿ ਅਮਰੀਕੀ ਫ਼ੌਜੀ ਤਕਨੀਕ ਦੇ ਮਾਮਲੇ 'ਚ ਬੇਹੱਦ ਅੱਗੇ ਸਨ।

ਗਾਰਡ ਨੇ ਇਸ ਮੁਕਾਬਲੇ ਨੂੰ ਲੜਾਈ ਨਹੀਂ ਸਗੋਂ ਇੱਕਤਰਫ਼ਾ ਹਮਲਾ ਦੱਸਿਆ। ਵੈਨੇਜ਼ੁਏਲਾ ਦੀ ਵਲੋਂ ਸੈਂਕੜੇ ਜਵਾਨ ਮੌਜੂਦ ਸਨ, ਪਰ ਫ਼ਿਰ ਵੀ ਉਹ ਟਿਕ ਨਹੀਂ ਸਕੇ। ਅਮਰੀਕੀ ਫ਼ੌਜੀ ਬਹੁਤ ਤੇਜ਼ ਅਤੇ ਸਹੀ ਤਰੀਕੇ ਨਾਲ ਫ਼ਾਇਰਿੰਗ ਕਰ ਰਹੇ ਸਨ ਜਿਸ ਨਾਲ ਮੁਕਾਬਲਾ ਨਾਮੁਮਕਿਨ ਹੋ ਗਿਆ।

ਅਮਰੀਕੀ ਹਮਲੇ 'ਚ ਵੈਨੇਜ਼ੁਏਲਾ ਦੇ 100 ਫ਼ੌਜੀਆਂ ਦੀ ਹੋਈ ਸੀ ਮੌਤ: ਵ੍ਹਾਈਟ ਹਾਊਸ ਵਲੋਂ ਇਸ ਗੱਲ 'ਤੇ ਕੋਈ ਰਿਸਪੌਂਸ ਨਹੀਂ ਦਿੱਤਾ ਗਿਆ ਕਿ ਪ੍ਰੈੱਸ ਸਕੱਤਰ ਵਲੋਂ ਸਾਂਝੀ ਕੀਤੀ ਇਸ ਪੋਸਟ ਨੂੰ ਸਰਕਾਰੀ ਪੁਸ਼ਟੀ ਮੰਨਿਆ ਜਾਵੇ ਜਾਂ ਨਹੀਂ। ਉਥੇ ਹੀ ਵੈਨੇਜ਼ੁਏਲਾ ਦੇ ਗ੍ਰਹਿ ਮੰਤਰਾਲਾ ਨੇ ਕਿਹਾ ਹੈ ਕਿ 3 ਜਨਵਰੀ ਨੂੰ ਹੋਈ ਇਸ ਕਾਰਵਾਈ 'ਚ ਕਰੀਬ 100 ਸੁਰੱਖਿਆ ਕਰਮਚਾਰੀਆਂ ਦੀ ਮੌਤ ਹੋਈ ਸੀ ਹਾਲਾਂਕਿ ਇਹ ਸਾਫ਼ ਨਹੀਂ ਕਿ ਇਨ੍ਹਾਂ 'ਚੋਂ ਕਿੰਨੀਆਂ ਮੌਤਾਂ ਇਸ ਸੀਕ੍ਰੇਟ ਹਥਿਆਰ ਨਾਲ ਹੋਈਆਂ ਸਨ।

ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਲੀਗਲ ਸੇਵਾਵਾਂ 905-913-2355
ਇੰਡੀਅਨ ਵੀਜ਼ਾ OCI & Passport Renewal 514-389-7070
ਦੰਦਾਂ ਦੀ ਦੇਖਭਾਲ 905-450-5600
ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਇੰਡੀਅਨ ਵੀਜ਼ਾ OCI & Passport Renewal 514-389-7070
ਦੰਦਾਂ ਦੀ ਦੇਖਭਾਲ 905-450-5600
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੀਗਲ ਸੇਵਾਵਾਂ 905-913-2355
ਮਰਦਾਨਾ ਕਮਜ਼ੋਰੀ 416-992-5489